**16ਵੀਂ ਵਿਧਾਨ ਸਭਾ**

**ਪਹਿਲਾ ਸਮਾਗਮ**

**ਪੰਜਾਬ ਵਿਧਾਨ ਸਭਾ**

**ਬੁਲੇਟਿਨ ਨੰ : 1**

**ਵੀਰਵਾਰ , 17 ਮਾਰਚ, 2022**

(11:00 ਵਜੇ ਸਵੇਰੇ ਤੋਂ 12:24 ਵਜੇ ਬਾਅਦ ਦੁਪਹਿਰ ਤੱਕ)

1. **ਮਾਨਯੋਗ ਪ੍ਰੋ-ਟੈਮ ਸਪੀਕਰ ਵਲੋਂ ਵਧਾਈ ਅਤੇ ਜੀ ਆਇਆਂ ਕਹਿਣਾ:-**

ਮਾਨਯੋਗ ਪ੍ਰੋ-ਟੈਮ ਸਪੀਕਰ ਵੱਲੋਂ 16ਵੀਂ ਵਿਧਾਨ ਸਭਾ ਦੇ ਸਾਰੇ ਚੁਣੇ ਗਏ ਮੈਂਬਰਾਂ ਨੂੰ ਪ੍ਰਸੰਨਤਾਪੂਰਵਕ ਵਧਾਈ ਦਿੱਤੀ ਗਈ ਅਤੇ ਜੀ ਆਇਆਂ ਕਿਹਾ ਗਿਆ।

2. **ਸਕੱਤਰ ਦੁਆਰਾ ਐਲਾਨ:-**

ਸਕੱਤਰ ਨੇ ਨਿਮਨਲਿਖਤ ਐਲਾਨ ਕੀਤਾ-

"ਮੈਂ ਸਦਨ ਨੂੰ ਇਹ ਸੂਚਨਾ ਦਿੰਦਾ ਹਾਂ ਕਿ ਰਾਜਪਾਲ ਜੀ ਨੇ ਭਾਰਤ ਦੇ ਸੰਵਿਧਾਨ ਦੇ ਅਨੁਛੇਦ 188 ਅਧੀਨ ਡਾਕਟਰ ਇੰਦਰਬੀਰ ਸਿੰਘ ਨਿੱਜਰ ਨੂੰ ਇਕ ਅਜਿਹੇ ਵਿਅਕਤੀ ਵਜੋਂ ਨਿਯੁਕਤ ਕੀਤਾ ਹੈ, ਜਿਨ੍ਹਾਂ ਦੇ ਸਾਹਮਣੇ 16ਵੀਂ ਪੰਜਾਬ ਵਿਧਾਨ ਸਭਾ ਦਾ ਹਰ ਇਕ ਮੈਂਬਰ, ਆਪਣੀ ਥਾਂ ਲੈਣ ਤੋਂ ਪਹਿਲਾਂ ਨਿਰਧਾਰਿਤ ਸਹੁੰ ਚੁੱਕੇਗਾ ਜਾਂ ਪ੍ਰਤਿਗਿਆ ਕਰੇਗਾ।

ਮੈਂ ਸਦਨ ਨੂੰ ਇਹ ਵੀ ਸੂਚਨਾ ਦਿੰਦਾ ਹਾਂ ਕਿ ਰਾਜਪਾਲ ਜੀ ਨੇ ਭਾਰਤ ਦੇ ਸੰਵਿਧਾਨ ਦੇ ਅਨੁਛੇਦ 180 ਦੀ ਧਾਰਾ (1) ਅਧੀਨ ਡਾਕਟਰ ਇੰਦਰਬੀਰ ਸਿੰਘ ਨਿੱਜਰ, ਐਮ.ਐਲ.ਏ ਨੂੰ ਉਦੋਂ ਤੱਕ 16ਵੀਂ ਵਿਧਾਨ ਸਭਾ ਦੇ ਸਪੀਕਰ ਦੇ ਅਹੁਦੇ ਦੇ ਫਰਜ਼ ਨਿਭਾਉਣ ਲਈ ਨਿਯੁਕਤ ਕੀਤਾ ਹੈ ਜਦੋਂ ਤੱਕ ਅਨੁਛੇਦ 178 ਅਧੀਨ ਸਪੀਕਰ ਦੀ ਚੋਣ ਨਹੀਂ ਹੋ ਜਾਂਦੀ।"

3. **ਸਕੱਤਰ ਦੁਆਰਾ ਐਲਾਨ :-**

ਸਕੱਤਰ ਨੇ ਨਿਮਨਲਿਖਤ ਐਲਾਨ ਕੀਤਾ-

"ਮਾਨਯੋਗ ਮੈਂਬਰ ਸਾਹਿਬਾਨ ਨੂੰ ਸਹੁੰ ਚੁੱਕਣ ਲਈ ਬੇਨਤੀ ਕਰਨ ਤੋਂ ਪਹਿਲਾਂ ਮੈਂ ਭਾਰਤ ਦੇ ਚੋਣ ਕਮਿਸ਼ਨ ਦੁਆਰਾ ਮਿਤੀ 11 ਮਾਰਚ, 2022 ਨੂੰ ਜਾਰੀ ਕੀਤੀ ਗਈ ਅਧਿਸੂਚਨਾ, ਜਿਸ ਵਿਚ ਸਾਲ 2022 ਦੀਆਂ ਆਮ ਚੋਣਾਂ ਵਿਚ ਚੁਣੇ ਗਏ 16ਵੀਂ ਪੰਜਾਬ ਵਿਧਾਨ ਸਭਾ ਦੇ ਮੈਂਬਰ ਸਾਹਿਬਾਨ ਦੇ ਨਾਂ ਦਰਜ ਹਨ, ਦੀ ਕਾਪੀ ਸਦਨ ਦੀ ਮੇਜ਼ ਤੇ ਰੱਖਦਾ ਹਾਂ।"

4. **ਮੈਂਬਰਾਂ ਦੁਆਰਾ ਸਹੁੰ ਜਾਂ ਪ੍ਰਤਿਗਿਆ :-**

ਮਾਨਯੋਗ ਮੈਂਬਰਾਂ ਨੂੰ ਹੇਠ ਲਿਖੇ ਅਨੁਸਾਰ ਕ੍ਰਮਵਾਰ ਇੱਕ-ਇੱਕ ਕਰਕੇ ਸਹੁੰ ਚੁਕਾਈ ਗਈ:

1. ਸਦਨ ਦੇ ਨੇਤਾ, ਮੁੱਖ ਮੰਤਰੀ
2. ਇਸਤਰੀ ਮੈਂਬਰਜ਼
3. ਬਾਕੀ ਰਹਿੰਦੇ ਮੈਂਬਰਜ਼, ਜ਼ਿਲ੍ਹਾ-ਵਾਰ

ਕੁੱਲ 111 ਮੈਂਬਰਾਂ ਨੇ ਸਹੁੰ ਚੁੱਕੀ, ਜਿਨ੍ਹਾਂ ਵਿਚੋਂ 107 ਮੈਂਬਰਾਂ ਨੇ ਪੰਜਾਬੀ ਵਿਚ, 03 ਮੈਂਬਰਾਂ ਨੇ ਹਿੰਦੀ ਵਿਚ ਅਤੇ 01 ਮੈਂਬਰ ਨੇ ਉਰਦੂ ਵਿੱਚ ਸਹੁੰ ਚੁੱਕੀ।

ਇਸ ਉਪਰੰਤ ਸਦਨ ਸੋਮਵਾਰ, ਮਿਤੀ 21 ਮਾਰਚ, 2022 ਸਵੇਰੇ 11:00 ਵਜੇ ਪੂਰਵ ਦੁਪਹਿਰ ਤੱਕ ਸਥੱਗਿਤ ਹੋ ਗਿਆ।

ਚੰਡੀਗੜ੍ਹ:

17 ਮਾਰਚ, 2022

ਸੁਰਿੰਦਰ ਪਾਲ,

ਸਕੱਤਰ।

17/3/22

Principal Chief Reporter
Punjab Vidhan Sabha
Chandigarh